# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ/ਸੈ.ਸਿੱ) ਬਠਿੰਡਾ

ਵੱਲ

ਸਮੂਹ ਬੀ.ਪੀ.ਈ.ਓ/ ਬੀ.ਐਨ.ਓਜ਼.
ਸਕੂਲ ਮੁਖੀ ਸਮਿਸ, ਸਹਸ, ਸਸਸਸ
(ਸਰਕਾਰੀ, ਅਰਧ ਸਰਕਾਰੀ, ਗੈਰ ਸਰਕਾਰੀ ਸਕੂਲ)
ਸੈਂਟਰ ਹੈੱਡ ਟੀਚਰਜ਼
ਬਠਿੰਡਾ

ਪੱਤਰ ਨੰ: ਸਸਅ/ਐਮ.ਆਈ.ਐਸ/2021- 20212418 16
ਮਿਤੀ: 15-07-2021

ਵਿਸ਼ਾ:- UDISE ਡਾਟਾ 2020-21 ਸਬੰਧੀ।
ਹਵਾਲਾ:- ਡਿਪਟੀ ਐਸ.ਪੀ.ਡੀ./ਐਮ.ਆਈ.ਐਸ/2021-239664 ਮਿਤੀ 14.07.21 ਸਬੰਧੀ।

ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਯੂ ਡਾਇਸ 2020-21 ਭਾਰਤ ਸਰਕਾਰ ਨੂੰ ਭੇਜਿਆ ਜਾਣਾ ਹੈ। ਮੁੱਖ ਦਫਤਰ ਵਲੋ ਹਦਾਇਤ ਪ੍ਰਾਪਤ ਹੋਈ ਹੈ ਕਿ ਯੂ-ਡਾਇਸ 2020-21 ਦਾ ਡਾਟਾ ਇੱਕ ਵਾਰ ਮੁੜ ਤੋਂ ਚੰਗੀ ਤਰ੍ਹਾਂ ਸਕੂਲ ਦੇ ਰਿਕਾਰਡ ਅਨੁਸਾਰ ਘੋਖ ਲਿਆ ਜਾਵੇ ਅਤੇ ਜੇ ਕੋਈ ਤਬਦੀਲੀ ਕਰਨੀ ਹੈ ਤਾਂ ਤੁਰੰਤ ਸਕੂਲ ਦੇ ਈ-ਪੰਜਾਬ ਲਾਗਇਨ ਵਿੱਚ ਡੈਸ਼ਬੋਰਡ ਦੇ ਉੱਪਰ **ਯੂ-ਡਾਇਸ ਲਿੰਕ 2020-21** ਤੇ ਕਲਿੱਕ ਕਰਕੇ ਸਬੰਧਤ ਕਾਲਮ ਵਿੱਚ ਸਹੀ ਸੂਚਨਾ ਨੂੰ ਅਪਡੇਟ (ਜਿਵੇਂਕਿ ਸਕੂਲ ਰਿਕਾਰਡ ਅਨੁਸਾਰ ਵਿਦਿਆਰਥੀਆਂ ਦੀ ਗਿਣਤੀ, ਕੰਮ ਕਰਦੇ ਅਧਿਆਪਕਾਂ ਦੀ ਗਿਣਤੀ, ਇੰਫਰਾਸਟੱਕਰਚਰ ਸਬੰਧੀ ਮੁਕੰਮਲ ਜਾਣਕਾਰੀ:- ਕਲਾਸ ਰੂਮਾਂ ਦੀ ਗਿਣਤੀ, ਸਮਾਰਟ ਕਲਾਸ ਰੂਮ, ਟੁਆਇਲਟਸ ਦੀ ਗਿਣਤੀ, ਚਾਰਦੀਵਾਰੀ, ਪ੍ਰੋਜੈਕਟਰ, ਕਪਿੰਊਟਰ ਦੀ ਗਿਣਤੀ, ਹਰ ਤਰ੍ਹਾਂ ਦੀ ਲੈਬ) ਕਰ ਦਿੱਤਾ ਜਾਵੇ। ਇਥੇ ਦੱਸਿਆ ਜਾਂਦਾ ਹੈ ਕਿ **ਇੰਰੋਲਮੈਂਟ 2020-21** ਦੀ ਹੀ ਦਰਸਾਈ ਜਾਵੇ।

ਇਸ ਕੰਮ ਲਈ ਬਲਾਕ ਲੈਵਲ ਦੇ ਬੀ.ਐਨ.ਓਜ਼ ਅਤੇ ਅਪੱਰ ਪ੍ਰਾਇਮਰੀ ਬੀ.ਐਨ.ਓਜ਼ ਦੀ ਡਿਊਟੀ ਲਗਾਈ ਜਾਂਦੀ ਹੈ ਕਿ ਸਮੂਹ ਸਰਕਾਰੀ, ਪ੍ਰਾਇਵੇਟ, ਏਡਿਡ ਸਕੂਲਾਂ ਦੇ ਯੂ-ਡਾਇਸ ਸਮੇਂ ਸਿਰ ਅਪਡੇਟ ਕਰਵਾਏ ਜਾਣ ਅਤੇ ਇਸ ਦੀ **ਆਖਰੀ ਮਿਤੀ 17.07.2021** ਹੈ। ਇਸ ਦਫਤਰ ਵਲੋਂ ਆਪ ਨੂੰ ਯੂ-ਡਾਇਸ 2020-21 ਸਬੰਧੀ ਹਰ ਤਰ੍ਹਾਂ ਦੀ ਰਿਪੋਰਟ ਸਮੇਂ ਸਮੇਂ ਸਿਰ ਭੇਜੀ ਜਾਵੇਗੀ। ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸਬੰਧਤ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸਪੰਰਕ ਕੀਤਾ ਜਾਵੇ। ਇਸ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਬਠਿੰਡਾ 15/7/21

15/07/2021
ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿੱ)
ਬਠਿੰਡਾ

M.I.S.
ਪ੍ਰਿ: ਸਿਸਟਮ ... 
ਸਹਾਇਕ
ਅਤੇ ਜੀ.ਐਮ.ਆਈ.ਐਸ. ਕੋਆਰਡੀਨੇਟਰ
15/7/2021

**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।

ਮੀਮੋ ਨੰ: ਡਿਪਟੀ.ਐਸ.ਪੀ.ਡੀ/ਐਮ.ਆਈ.ਐਸ/2021/239665

ਮਿਤੀ:14.07.2021

**ਵਿਸ਼ਾ: UDISE data 2020-21 ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਵੱਲੋਂ UDISE data 2020-21 ਭਾਰਤ ਸਰਕਾਰ ਨੂੰ ਸਬਮਿਟ ਕੀਤਾ ਜਾਣਾ ਹੈ।UDISE data 2020-21 ਦੇ ਆਂਕੜੇ ਆਪ ਅਧੀਨ ਪੈਂਦੇ ਸਮੂਹ ਸਰਕਾਰੀ, ਏਡਿਡ, ਪ੍ਰਾਇਵੇਟ ਵੱਲੋਂ ਈ-ਪੰਜਾਬ ਸਕੂਲ ਪੋਰਟਲ ਤੇ ਆਨ ਲਾਇਨ ਭਰੇ ਜਾਂਦੇ ਹਨ।

2.0 ਸਮੂਹ ਸਕੂਲਾਂ ਵੱਲੋਂ ਭਰਿਆ ਗਿਆ ਡਾਟਾ ਜਿਲਾ ਪੱਧਰ ਤੇ ਜਿਲਾ ਐਮ.ਆਈ.ਐਸ ਕੋਆਰਡੀਨੇਟਰ ਅਤੇ ਬਲਾਕ ਪੱਧਰ ਤੇ ਬਲਾਕ ਐਮ.ਆਈ.ਐਸ ਕੋਆਰਡੀਨੇਟਰ ਦੇ epunjab school portal ਤੇ ਉਨ੍ਹਾਂ ਦੇ log in Id ਵਿੱਚ ਦਰਸ਼ਾ ਦਿੱਤਾ ਗਿਆ ਹੈ।

3.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹ ਇੱਕ ਮਹਤਵਪੂਰਨ ਡਾਟਾ ਹੈ, ਜਿਸ ਦੇ ਅਧਾਰ ਤੇ ਪਲਾਨਿੰਗ ਅਤੇ PGI ranking (State and District) ਭਾਰਤ ਸਰਕਾਰ ਵੱਲੋਂ ਕੀਤੀ ਜਾਂਦੀ ਹੈ, ਇਸ ਲਈ ਆਪਣੇ ਅਧੀਨ ਪੈਂਦੇ ਸਮੂਹ ਸਕੂਲਾਂ ਦਾ ਡਾਟਾ ਕਲਸਟਰ ਪੱਧਰ ਤੇ ਆਪਣੇ ਅਧੀਨ ਕੰਮ ਕਰ ਰਹੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀ ਡਿਊਟੀ ਲਗਾ ਕੇ ਮਿਤੀ 17.07.2021 ਤੱਕ verify ਕਰਵਾ ਲਿਆ ਜਾਵੇ। ਜੇਕਰ ਡਾਟਾ ਵਿੱਚ ਕੋਈ ਤਰੁੱਟੀ ਹੈ ਤਾਂ ਉਸ ਨੂੰ ਸਕੂਲ ਮੁੱਖੀ ਤੋਂ ਮੋਕੇ ਠੀਕ ਕਰਵਾਇਆ ਜਾਵੇ।

**ਡਿਪਟੀ ਐਸ.ਪੀ.ਡੀ (ਐਮ.ਆਈ.ਐਸ)**